ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ

ਕੈਲੀਫੋਰਨੀਆ ਦੇ ਵਾਸੀਆਂ ਦੀ ਉਹਨਾਂ ਪਲਾਂ ਲਈ ਮੌਜੂਦ ਰਹਿਣ ਵਿੱਚ ਮਦਦ ਕਰਨਾ ਜੋ ਮਾਇਨੇ ਰੱਖਦੇ ਹਨ।



EDD

ਕੀ ਮੈਂ ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ ਲਈ ਯੋਗ ਹਾਂ?

ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ ਦੇ ਲਾਭਾਂ ਲਈ ਯੋਗ ਹੋਣ ਲਈ, ਤੁਹਾਨੂੰ:

- ਗੰਭੀਰ ਰੂਪ ਵਿੱਚ ਬਿਮਾਰ ਪਰਿਵਾਰਕ ਸਦੱਸ ਦੀ ਦੇਖਭਾਲ, ਨਵੇਂ ਬੱਚੇ ਨਾਲ ਚੰਗੇ ਬੰਧਨ ਬਣਾਉਣ ਲਈ, ਜਾਂ ਇੱਕ ਯੋਗਤਾ ਪ੍ਰਾਪਤ ਫੌਜੀ ਘਟਨਾ ਵਿੱਚ ਹਿੱਸਾ ਲੈਣ ਲਈ ਕੰਮ ਤੋਂ ਸਮਾਂ ਕੱਢਣਾ ਚਾਹੀਦਾ ਹੈ।
- ਰਾਜ ਅਪਾਹਜਤਾ ਬੀਮਾ ਜਾਂ ਰਾਜ ਅਪਾਹਜਤਾ ਬੀਮਾ ਦੇ ਬਦਲੇ ਇੱਕ ਸਵੈਇੱਛੁਕ ਯੋਜਨਾ ਲੈਣੀ ਚਾਹੀਦੀ ਹੈ।
- ਪਿਛਲੇ 5 ਤੋਂ 18 ਮਹੀਨਿਆਂ ਵਿੱਚ ਘੱਟੋ-ਘੱਟ $300 ਦੀ ਕਮਾਈ ਕੀਤੀ ਹੋਣੀ ਚਾਹੀਦੀ ਹੈ।
- ਆਪਣੀ ਪਰਿਵਾਰ ਲਈ ਛੁੱਟੀ ਸ਼ੁਰੂ ਹੋਣ ਦੇ 41 ਦਿਨਾਂ ਦੇ ਅੰਦਰ ਆਪਣਾ ਦਾਅਵਾ ਜਮ੍ਹਾਂ ਕਰਾਉਣਾ ਚਾਹੀਦਾ ਹੈ। ਛੁੱਟੀ ਦੇ ਆਪਣੇ ਪਹਿਲੇ ਦਿਨ ਤੋਂ ਪਹਿਲਾਂ ਦਾਇਰ ਨਾ ਕਰੋ।

ਲਾਭ ਦੀ ਰਕਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ?

ਫਾਇਦੇ ਤੁਹਾਡੇ ਦਾਅਵੇ ਦੇ ਸ਼ੁਰੂ ਹੋਣ ਤੋਂ 5 ਤੋਂ 18 ਮਹੀਨੇ ਪਹਿਲਾਂ, ਤੁਹਾਡੀ ਸਭ ਤੋਂ ਵੱਧ ਤਿਮਾਹੀ ਕਮਾਈ ਦਾ 70 ਤੋਂ 90 ਪ੍ਰਤੀਸ਼ਤ ਹੁੰਦੇ ਹਨ।

Disability Insurance and Paid Family Leave Calculator (edd.ca.gov/PFL_Calculator) ਤੇ ਜਾ ਕੇ ਆਪਣੇ ਲਾਭਾਂ ਦਾ ਅੰਦਾਜ਼ਾ ਲਗਾਓ।

ਕੀ ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ ਨੌਕਰੀ ਦੀ ਸੁਰੱਖਿਆ ਪ੍ਰਦਾਨ ਕਰਦੀ ਹੈ?

ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ ਨੌਕਰੀ ਦੀ ਸੁਰੱਖਿਆ ਪ੍ਰਦਾਨ ਨਹੀਂ ਕਰਦੀ। ਜੇਕਰ ਤੁਸੀਂ ਦੂਜੇ ਕਾਨੂੰਨਾਂ ਦੇ ਅਧੀਨ ਯੋਗਤਾ ਪੂਰੀ ਕਰਦੇ ਹੋ ਤਾਂ ਨੌਕਰੀ ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ:

- ਸੰਘੀ Family and Medical Leave Act (dol.gov/agencies/whd/fmla).
- ਕੈਲੀਫੋਰਨੀਆ ਪਰਿਵਾਰਕ ਅਧਿਕਾਰ ਐਕਟ। Civil Rights Department (calcivilrights.ca.gov).

ਆਪਣੇ ਰੁਜ਼ਗਾਰਦਾਤਾ ਨੂੰ ਛੁੱਟੀ ਲੈਣ ਦੀ ਆਪਣੀ ਯੋਜਨਾ ਅਤੇ ਆਪਣੀ ਕੰਪਨੀ ਦੀ ਨੀਤੀ ਦੇ ਅਨੁਸਾਰ ਛੁੱਟੀ ਲੈਣ ਦੇ ਕਾਰਨ ਬਾਰੇ ਸੂਚਿਤ ਕਰੋ।

ਮੈਂ ਲਾਭਾਂ ਲਈ ਕਿਵੇਂ ਅਰਜ਼ੀ ਦੇਵਾਂ?

ਤੁਸੀਂ myedd.edd.ca.gov 'ਤੇ ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ ਦੇ ਫਾਇਦਿਆਂ ਲਈ ਅਰਜ਼ੀ ਦੇ ਸਕਦੇ ਹੋ।

ਡਾਕ ਰਾਹੀਂ ਭੇਜਣ ਲਈ, ਤੁਹਾਨੂੰ *Claim for Paid Family Leave (PFL) Benefits* (DE 2501F) ਫਾਰਮ ਨੂੰ ਭਰਨਾ ਅਤੇ ਜਮ੍ਹਾਂ ਕਰਨਾ ਪਵੇਗਾ। How to File a Paid Family Leave (PFL) Claim by Mail (edd.ca.gov/en/disability/How_to_File_a_PFL_Claim_by_Mail) ਤੇ ਜਾ ਕੇ ਵਧੇਰੀ ਜਾਣਕਾਰੀ ਪਾਓ।

ਦੇਖਭਾਲ ਕਰਨ ਵਾਲੇ ਦੇ ਦਾਅਵੇ

ਆਪਣੇ ਗੰਭੀਰ ਤੌਰ ਤੇ ਬਿਮਾਰ ਪਰਿਵਾਰਕ ਸਦੱਸ, ਜਿਸ ਨੂੰ ਤੁਹਾਡੀ ਦੇਖਭਾਲ ਦੀ ਲੋੜ ਹੈ, ਦੇ ਲਈ ਮੈਡੀਕਲ ਸਰਟੀਫਿਕੇਟ ਪ੍ਰਦਾਨ ਕਰੋ। ਇਹ ਪ੍ਰਮਾਣੀਕਰਣ ਉਹਨਾਂ ਦੇ ਲਾਇਸੰਸਸ਼ੁਦਾ ਸਿਹਤ ਪੇਸ਼ੇਵਰ ਵੱਲੋਂ ਮਿਲਣਾ ਜ਼ਰੂਰੀ ਹੈ। ਤੁਹਾਨੂੰ ਪਰਿਵਾਰ ਦੇ ਉਸ ਸਦੱਸ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਦਸਤਖਤ ਵੀ ਪ੍ਰਦਾਨ ਕਰਨੇ ਪੈਣਗੇ ਜਿਹਨਾਂ ਦੀ ਤੁਸੀਂ ਦੇਖਭਾਲ ਕਰ ਰਹੇ ਹੋ।

ਬੰਧਨ (ਬੌਂਡਿੰਗ) ਦਾ ਦਾਅਵਾ

ਅਜਿਹੇ ਦਸਤਾਵੇਜ਼ ਪ੍ਰਦਾਨ ਕਰੋ ਜੋ ਤੁਹਾਡੇ ਬੱਚੇ ਨਾਲ ਤੁਹਾਡੇ ਰਿਸ਼ਤੇ ਨੂੰ ਦਰਸ਼ਾਉਂਦੇ ਹਨ। ਇਹ ਤੁਹਾਡੇ ਬੱਚੇ ਦੇ ਜਨਮ ਪ੍ਰਮਾਣ ਪੱਤਰ, ਗੋਦ ਲੈਣ ਦਾ ਪਲੇਸਮੈਂਟ ਇਕਰਾਰਨਾਮਾ, ਜਾਂ ਪਾਲਣਕਾਰਤਾ ਵਜੋਂ ਦੇਖਭਾਲ ਪਲੇਸਮੈਂਟ ਰਿਕਾਰਡ ਦੀ ਇੱਕ ਕਾਪੀ ਹੋ ਸਕਦੀ ਹੈ।

ਜੇਕਰ ਤੁਸੀਂ ਵਰਤਮਾਨ ਵਿੱਚ ਗਰਭ-ਅਵਸਥਾ ਨਾਲ ਸਬੰਧਤ ਅਪਾਹਜਤਾ ਬੀਮਾ ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ ਦੇ ਦਾਅਵੇ ਦੇ ਫਾਰਮ ਦੀ ਬੇਨਤੀ ਕਰਨਾ ਜ਼ਰੂਰੀ ਨਹੀਂ ਹੈ। ਬੰਧਨ ਵਾਸਤੇ ਦਾਇਰ ਕਰਨ ਲਈ ਫਾਰਮ myEDD ਖਾਤੇ ਰਾਹੀਂ ਜਾਂ ਡਾਕ ਰਾਹੀਂ ਭੇਜਿਆ ਜਾਵੇਗਾ ਜਦੋਂ ਤੁਹਾਡਾ ਗਰਭਅਵਸਥਾ ਨਾਲ ਸਬੰਧਿਤ ਅਪਾਹਜਤਾ ਦਾ ਦਾਅਵਾ ਖਤਮ ਹੋ ਜਾਂਦਾ ਹੈ।

ਫੌਜੀ ਸਹਾਇਤਾ ਦੇ ਦਾਅਵੇ

ਫੌਜੀ ਸਹਾਇਤਾ ਦੇ ਦਾਅਵਿਆਂ ਲਈ ਦੋ ਤਰ੍ਹਾਂ ਦੇ ਸਹਾਇਕ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ। ਇਹ ਕਵਰ ਕੀਤੀ ਜਾਂਦੀ ਕਿਰਿਆਸ਼ੀਲ ਡਿਊਟੀ ਦਾ ਸਬੂਤ ਹੋ ਸਕਦਾ ਹੈ ਜਾਂ ਕਵਰ ਕੀਤੀ ਜਾਂਦੀ ਕਿਰਿਆਸ਼ੀਲ ਡਿਊਟੀ ਨੂੰ ਕਾਲ ਕਰਨਾ ਅਤੇ ਯੋਗ ਬਣਾਉਣ ਵਾਲੀ ਘਟਨਾ ਦੇ ਦਸਤਾਵੇਜ਼ ਹੋ ਸਕਦੇ ਹਨ।

ਸਵੈ-ਇੱਛੁਕ ਯੋਜਨਾਵਾਂ

ਜੇਕਰ ਤੁਸੀਂ ਇੱਕ ਸਵੈ-ਇੱਛਤ ਯੋਜਨਾ ਹੇਠ ਆਉਂਦੇ ਹੋ, ਤਾਂ ਆਪਣੀ ਕਵਰੇਜ ਬਾਰੇ ਜਾਣਕਾਰੀ ਅਤੇ ਲਾਭਾਂ ਲਈ ਅਰਜ਼ੀ ਕਿਵੇਂ ਦੇਣੀ ਹੈ ਇਸ ਬਾਰੇ ਹਿਦਾਇਤਾਂ ਲਈ ਆਪਣੇ ਰੁਜ਼ਗਾਰਦਾਤਾ ਨਾਲ ਸੰਪਰਕ ਕਰੋ।

ਜੇਕਰ ਮੇਰੇ ਦਾਅਵੇ ਨੂੰ ਅਸਵੀਕਾਰ ਕੀਤਾ ਜਾਂਦਾ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਦਾਅਵੇ ਨੂੰ ਅਸਵੀਕਾਰ ਕੀਤਾ ਜਾਂਦਾ ਹੈ, ਤਾਂ ਤੁਹਾਡੇ ਹੇਠ ਅਧਿਕਾਰ ਹਨ:

- ਅਸਵੀਕਾਰ ਕਰਨ ਦਾ ਕਾਰਨ ਜਾਣੋ।
- ਲਾਭਾਂ ਲਈ ਆਪਣੀ ਯੋਗਤਾ ਦੇ ਸੰਬੰਧ ਵਿੱਚ ਫੈਸਲਿਆਂ ਤੇ ਦੀ ਅਪੀਲ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ Appeals (edd.ca.gov/en/Disability/Appeals) ਤੇ ਜਾਉ।

ਕਨੂੰਨ ਦੁਆਰਾ ਮਨਜ਼ੂਰ ਕੀਤੇ ਗਏ ਉਦੇਸ਼ਾਂ ਨੂੰ ਛੱਡ ਕੇ ਬਾਕੀ ਕੋਈ ਵੀ ਦਾਅਵੇ ਸੰਬੰਧੀ ਜਾਣਕਾਰੀ ਗੁਪਤ ਹੈ।

ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ ਬਾਰੇ

ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ ਪ੍ਰੋਗਰਾਮ ਉਨ੍ਹਾਂ ਪਲਾਂ ਲਈ ਬਣਾਇਆ ਗਿਆ ਸੀ ਜੋ ਮਹੱਤਵਪੂਰਨ ਹਨ। ਗੰਭੀਰ ਰੂਪ ਵਿੱਚ ਬਿਮਾਰ ਪਰਿਵਾਰਕ ਸਦੱਸ ਦੀ ਦੇਖਭਾਲ, ਨਵੇਂ ਬੱਚੇ ਨਾਲ ਚੰਗੇ ਬੰਧਨ ਬਣਾਉਣ ਲਈ, ਜਾਂ ਇੱਕ ਯੋਗਤਾ ਪ੍ਰਾਪਤ ਫੌਜੀ ਘਟਨਾ ਵਿੱਚ ਹਿੱਸਾ ਲੈਣ ਲਈ ਲਾਭ ਉਪਲਬਧ ਹਨ।

ਤਨਖਾਹ ਸ਼ੁਦਾ ਪਰਿਵਾਰਕ ਛੁੱਟੀ ਬਾਰੇ ਤੱਥ

- ਅੱਠ ਹਫ਼ਤਿਆਂ ਤੱਕ ਦੇ ਅੰਸ਼ਕ-ਤਨਖਾਹ-ਦੇ ਬਦਲੇ ਫਾਇਦਾ ਪ੍ਰਦਾਨ ਕਰਦਾ ਹੈ। ਇੱਕੋ ਵਾਰ ਵਿੱਚ ਛੁੱਟੀ ਨਹੀਂ ਲੈਣੀ ਪੈਂਦੀ।
- ਤੁਹਾਡੀ ਹਫਤਾਵਾਰੀ ਤਨਖਾਹ ਦਾ ਲਗਭਗ 70 ਤੋਂ 90 ਪ੍ਰਤੀਸ਼ਤ ਪ੍ਰਦਾਨ ਕਰਦਾ ਹੈ।
- ਤੁਹਾਡੀ ਰਾਜ ਅਪਾਹਜਤਾ ਬੀਮਾ ਟੈਕਸ ਰੋਕ ਰਾਹੀਂ ਫੰਡ ਕੀਤਾ ਗਿਆ, ਜਿਸਨੂੰ ਤੁਹਾਡੀ ਤਨਖ਼ਾਹ ਵਿੱਚ "CASDI" ਜਾਂ ਪਿਛਲੇ 5 ਤੋਂ 18 ਮਹੀਨਿਆਂ ਵਿੱਚ ਭੁਗਤਾਨ ਕੀਤੀ ਯੋਗਤਾ ਪੂਰੀ ਕਰਨ ਵਾਲੀ ਸਵੈ-ਇੱਛਤ ਯੋਜਨਾ ਵਜੋਂ ਨੋਟ ਕੀਤਾ ਗਿਆ ਹੈ।
- ਨਵੇਂ ਬੱਚੇ ਨਾਲ ਚੰਗੇ ਬੰਧਨ ਬਣਾਉਣ ਲਈ, ਤੁਹਾਡੇ ਪਰਿਵਾਰ ਵਿੱਚ ਬੱਚੇ ਦੇ ਸ਼ਾਮਲ ਹੋਣ ਦੇ ਪਹਿਲੇ 12 ਮਹੀਨਿਆਂ ਦੇ ਅੰਦਰ ਕਿਸੇ ਵੀ ਸਮੇਂ ਛੁੱਟੀ ਲਿੱਤੀ ਜਾ ਸਕਦੀ ਹੈ।
- ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਥਿਤੀ ਇਸ ਦੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ।

ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ

ਉਨ੍ਹਾਂ ਪਲਾਂ ਲਈ ਉੱਥੇ ਰਹੋ ਜੋ ਮਾਇਨੇ ਰੱਖਦੇ ਹਨ।

ਅੰਗਰੇਜ਼ੀ	1-877-238-4373
ਸਪੈਨਿਸ਼	1-877-379-3819
ਕੈਨਟੋਨੀਜ਼	1-866-692-5595
ਵੀਅਤਨਾਮੀ	1-866-692-5596
ਅਰਮੇਨੀਅਨ	1-866-627-1567
ਪੰਜਾਬੀ	1-866-627-1568
ਟੈਗਾਲੋਗ	1-866-627-1569
TTY	1-800-445-1312

ਦਾਅਵਾ ਫਾਰਮ ਪ੍ਰਾਪਤ ਕਰਨ, ਜਾਣਕਾਰੀ ਪ੍ਰਾਪਤ ਕਰਨ, ਜਾਂ ਕਿਸੇ ਪ੍ਰਤੀਨਿਧੀ ਨਾਲ ਗੱਲ ਕਰਨ ਲਈ ਆਪਣੇ ਨੇੜੇ ਕਿਸੇ Paid Family Leave or State Disability Insurance office (edd.ca.gov/en/Disability/Contact_SDI) 'ਤੇ ਜਾਓ।